# ਖੇਤੀਬਾੜੀ, ਖੁਰਾਕ ਅਤੇ ਮੱਛੀ ਪਾਲਣ ਮੰਤਰਾਲੇ ਵੱਲੋਂ ਬੀ.ਸੀ. ਦੀ ਟ੍ਰੀ ਫਰੂਟ ਇੰਡਸਟਰੀ ਨੂੰ ਸਥਿਰ ਕਰਨ ਦੀਆਂ ਕੋਸ਼ਿਸ਼ਾਂ

ਜਿਵੇਂ ਕਿ ਤੁਸੀਂ ਸੁਣਿਆ ਹੋਵੇਗਾ, ਬੀ.ਸੀ. ਦਾ ਖੇਤੀਬਾੜੀ, ਖੁਰਾਕ ਅਤੇ ਮੱਛੀ ਪਾਲਣ ਮੰਤਰਾਲਾ ਬੀ.ਸੀ. ਦੀ ਟ੍ਰੀ ਫਰੂਟ ਇੰਡਸਟਰੀ ਨੂੰ ਸਥਿਰ ਕਰਨ ਲਈ ਉਪਰਾਲੇ ਕਰ ਰਿਹਾ ਹੈ. ਇਹ ਯਤਨ ਚੁਨੌਤੀ ਭਰੀਆਂ ਸਥਿਤੀਆਂ ਦੇ ਪ੍ਰਤੀਕਰਮ ਵਜੋਂ ਹਨ ਜੋ ਉਤਪਾਦਕ, ਖ਼ਾਸਕਰ ਸੇਬ ਉਤਪਾਦਕ, ਅਨੁਭਵ ਕਰ ਰਹੇ ਹਨ।

ਮੰਤਰਾਲੇ ਦੀ ਯੋਜਨਾ ਬਹੁਤ ਜ਼ਿਆਦਾ ਟਾਈਮਲਾਈਨਜ਼ ਦੇ ਨਾਲ ਵਿਆਪਕ ਹੈ। ਇਸ ਯੋਜਨਾ ਨੂੰ ਸਫਲ ਬਣਾਉਣ ਦੇ ਲਈ ਵੱਧ ਤੋਂ ਵੱਧ ਇੰਡਸਟਰੀ ਦੀ ਭਾਗੀਦਾਰੀ ਜ਼ਰੂਰੀ ਹੋਵੇਗੀ। ਮੰਤਰਾਲਾ ਕਈ ਉਦਯੋਗਾਂ ਦੇ ਭਾਗੀਦਾਰਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਵਿੱਚ ਐਸੋਸੀਏਸ਼ਨਾਂ ਅਤੇ ਸੰਸਥਾਵਾਂ, ਉਤਪਾਦਕ, ਪੈਕਰ ਅਤੇ ਕੁਝ ਗਰੁੱਪ, ਜਿਵੇਂ ਕਿ ਨੌਜਵਾਨ ਗ੍ਰੋਅਰਸ, ਬਾਗਬਾਨੀ ਅਫਸਰ ਆਦਿ। ਮੰਤਰਾਲੇ ਦਾ ਪ੍ਰੋਜੈਕਟ ਮੌਜੂਦਾ ਸਥਿਤੀਆਂ ਅਤੇ ਮੌਕਿਆਂ ਦਾ ਵਿਸ਼ਲੇਸ਼ਣ ਕਰੇਗਾ ਤਾਂ ਜੋ ਸੈਕਟਰ ਦੇ ਭਵਿੱਖ ਲਈ ਯੋਜਨਾ ਬਣਾਈ ਜਾ ਸਕੇ। ਪ੍ਰੋਜੈਕਟ ਵਿੱਚ ਸਾਰੇ ਫੈਕ੍ਰਜ਼ ਸ਼ਾਮਿਲ ਹਨ ਜਿਵੇਂ ਕਿ ਲੇਬਰ, ਇੰਨੋਵੇਸ਼ਨ, ਐਕ੍ਸਟੈਂਸ਼ਨ ਅਤੇ ਨਵੀਂ ਕਿਸਮਾਂ ਤੱਕ ਪਹੁੰਚ।

ਅਸੀਂ ਸਾਰੇ ਜਾਣਦੇ ਹਾਂ ਕਿ ਪਿਛਲੇ ਇਕ ਦਹਾਕੇ ਦੌਰਾਨ ਇਸ ਸੈਕਟਰ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਦੀ ਵਿਆਖਿਆ ਕੀਤੀ ਗਈ ਹੈ, ਅਧਿਐਨ ਦੀਆਂ ਕਈ ਸਿਫਾਰਸ਼ਾਂ ਆਈਆਂ ਹਨ। ਸਰਕਾਰ ਦੁਆਰਾ ਉਦਯੋਗ ਨੂੰ ਇੱਕ ਪ੍ਰਗਤੀਸ਼ੀਲ ਰਾਹ ਉੱਤੇ ਲਿਜਾਣ ਦੀਆਂ ਨਿਰੰਤਰ ਕੋਸ਼ਿਸ਼ਾਂ ਅਤੇ ਨਿਰੰਤਰ ਉਦਯੋਗਾਂ ਲਈ ਕਾਫੀ ਇਨਵੈਸਟਮੈਂਟ ਦੇ ਬਾਵਜੂਦ, ਅਸੀਂ ਸਕਾਰਾਤਮਕ ਨਤੀਜੇ ਨਹੀਂ ਦੇਖ ਰਹੇ ਹਾਂ I ਇਸ ਵਾਰ ਮੰਤਰਾਲੇ ਨੇ ਨਵੀਂ ਯੋਜਨਾ ਸ਼ੁਰੂ ਕੀਤੀ ਹੈ, ਜਿਸ ਵਿੱਚ ਹਰੇਕ ਪ੍ਰੋਗਰਾਮ ਜਾਂ ਵਿਭਾਗ ਦੇ ਸਟਾਫ ਸ਼ਾਮਲ ਹਨ I ਮੰਤਰਾਲੇ ਨੇ ਇਸ ਸੈਕਟਰ ਨੂੰ ਸਥਿਰ ਬਣਾਉਣ ਲਈ ਇਕ ਯੋਜਨਾ ਬਣਾਉਣ ਦਾ ਵਾਧਾ ਕੀਤਾ ਹੈ ਅਤੇ ਮੰਤਰਾਲਾ ਇਸ ਯੋਜਨਾ ਨੂੰ ਲਾਗੂ ਕਰਨ ਵਿਚ ਹਿੱਸਾ ਲਵੇਗਾ ਅਤੇ ਇਸ ਦਾ ਸਮਰਥਨ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਟ੍ਰੀ ਫਰੂਟ ਸੈਕਟਰ ਨੂੰ ਸਫਲ ਕਰਨ ਲਈ ਹਰ ਯਤਨ ਕੀਤੇ ਜਾ ਰਹੇ ਹਨ। ਇਸ ਕੰਮ ਨੂੰ ਸੇਧ ਦੇਣ ਲਈ, ਇਥੇ ਇਕ ਸਲਾਹਕਾਰੀ ਗਰੁੱਪ ਵੀ ਹੈ, ਜਿਸ ਵਿਚ ਮੁੱਖ ਉਦਯੋਗ ਸੰਗਠਨਾਂ ਦੀ ਨੁਮਾਇੰਦਗੀ ਸ਼ਾਮਲ ਹੈ ਜਿਵੇਂ ਕਿ:

- ਬੀ ਸੀ ਫਰੂਟ ਗਰੋਵਰਜ਼ ਐਸੋਸੀਏਸ਼ਨ
- ਬੀ ਸੀ ਚੈਰੀ ਐਸੋਸੀਏਸ਼ਨ
- ਨਿਊ ਟ੍ਰੀ ਫਰੂਟ ਡਿਵੈਲਪਮੈਂਟ ਕੌਂਸਲ
- ਸਟੀਰਾਈਲ ਇਨਸੇਕਟ ਰਲੀਸ ਪ੍ਰੋਗਰਾਮ
- ਬੀ.ਸੀ. ਵਾਈਨ ਗ੍ਰੇਪ ਕਾਉਂਸਲ / ਬੀ.ਸੀ. ਗਰੇਪਗ੍ਰੋਅਰਸ ਐਸੋਸੀਏਸ਼ਨ
- ਐਗਰੀਕਲਚਰ ਐਂਡ ਐਗਰੀਫ਼ੂਡ ਕੈਨੇਡਾ

ਅਸੀਂ ਜਾਣਦੇ ਹਾਂ ਕਿ ਉਤਪਾਦਕਾਂ ਲਈ ਉਨ੍ਹਾਂ ਦੇ ਖੇਤਾਂ ਜਾਂ ਆਪਣੇ ਕਾਰੋਬਾਰਾਂ ਤੋਂ ਦੂਰ ਰਹਿਣ ਲਈ ਸਾਲ ਦਾ ਕੋਈ ਵਧੀਆ ਸਮਾਂ ਨਹੀਂ ਹੈ, ਪਰ ਇਹ ਪ੍ਰੋਜੈਕਟ ਬੀ ਸੀ ਦੇ ਟ੍ਰੀ ਫਰੂਟ ਸੈਕਟਰ ਦਾ ਭਵਿੱਖ ਅਤੇ ਉਤਪਾਦਕਾਂ ਦੀ ਰੋਜ਼ੀ-ਰੋਟੀ ਨੂੰ ਬਿਹਤਰ ਬਣਾਉਣ ਬਾਰੇ ਹੈ। ਸ਼ਮੂਲੀਅਤ ਦਾ ਸਮਰਥਨ ਕਰਨ ਲਈ, ਮੰਤਰਾਲੇ ਵਲੋਂ ਉਤਪਾਦਕਾਂ ਦੇ ਫ੍ਰੀ ਸਮੇ ਅਨੁਸਾਰ ਪੰਜਾਬੀ ਤੇ ਅੰਗ੍ਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਇੰਗੇਜਮੈਂਟ ਸੈਸ਼ਨ ਕਰਵਾਏ ਜਾਂਦੇ ਹਨ ਤਾਂ ਜੋ ਸਾਰੇ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦੇ ਹਨ।

. ਜੇ ਤੁਸੀਂ ਕੋਈ ਸੱਦਾ ਪ੍ਰਾਪਤ ਕਰਦੇ ਹੋ ਤਾਂ ਬੋਰਡ ਆਫ ਡਾਇਰੈਕਟਰ ਅਤੇ ਲੀਡਰਸ਼ਿਪ ਟੀਮ ਆਫ NTFVDC ਤੁਹਾਨੂੰ ਜ਼ੋਰਾਂ-ਸ਼ੋਰਾਂ ਨਾਲ ਭਾਗ ਲੈਣ ਲਈ ਉਤਸਾਹਿਤ ਕਰਦੀ ਹੈ।

ਜੇ ਤੁਹਾਡੇ ਕੋਲ ਇਸ ਪ੍ਰਾਜੈਕਟ ਬਾਰੇ ਕੋਈ ਪ੍ਰਸ਼ਨ ਹਨ ਜਾਂ ਤੁਸੀਂ ਇਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ , ਉਦਯੋਗ ਸਲਾਹਕਾਰ ਨਾਲ ਸੰਪਰਕ ਕਰੋ Lindsay.Hainstock@gov.bc.ca, ਖੇਤੀਬਾੜੀ, ਖੁਰਾਕ ਅਤੇ ਮੱਛੀ ਪਾਲਣ ਮੰਤਰਾਲਾ I

ਤੁਹਾਡਾ ਧੰਨਵਾਦ,

Bruce Currie

Chairman NTFVDC